ਮਿੱਠੇ ਬੱਚੇ:- "ਮਿੱਠੇ ਬੱਚੇ:- ਤੁਹਾਡਾ ਅਵਵਿੱਭਚਾਰੀ ਪਿਆਰ ਇਕ ਬਾਪ ਦੇ ਨਾਲ ਉਦੋਂ ਜੁਟ ਸਕਦਾ ਹੈ ਜਦੋਂ ਬੁੱਧੀ ਦਾ ਯੋਗ ਦੇਹ ਸਮੇਤ ਦੇਹ ਦੇ ਸਾਰੇ ਸੰਬੰਧਾਂ ਤੋਂ ਟੁੱਟਿਆ ਹੋਇਆ ਹੋਵੇ?"

ਪ੍ਰਸ਼ਨ:- ਪ੍ਰਸ਼ਨ:- ਤੁਹਾਡੀ ਬੱਚਿਆਂ ਦੀ ਰੇਸ ਕਿਹੜੀ ਹੈ? ਉਸ ਰੇਸ ਵਿਚ ਅੱਗੇ ਜਾਣ ਦਾ ਆਧਾਰ ਕੀ ਹੈ?

ਉੱਤਰ:- ਤੁਹਾਡੀ ਰੇਸ ਹੈ, "ਪਾਸ ਵਿਧ ਆਨਰ ਬਣਨ ਦੀ" ਇਸ ਰੇਸ ਦਾ ਆਧਾਰ ਹੈ ਬੁੱਧੀ ਯੋਗ। ਬੁੱਧੀਯੋਗ ਜਿੰਨਾਂ ਬਾਬਾ ਦੇ ਨਾਲ ਹੋਵੇਗਾ ਓਨਾ ਪਾਪ ਕਟਦੇ ਜਾਣਗੇ ਅਤੇ ਅਟਲ, ਅਖੰਡ ਸੁਖਸ਼ਾਂਤੀਮਯ 21 ਜਨਮ ਦਾ ਰਾਜ ਮਿਲੇਗਾ। ਇਸਦੇ ਲਈ ਬਾਪ ਸਲਾਹ ਦਿੰਦੇ ਹਨ ਬੱਚੇ ਨੀਂਦ ਨੂੰ ਜਿੱਤਣ ਵਾਲੇ ਬਣੋ। ਇਕ ਘੜੀ, ਅੱਧੀ ਘੜੀ ਵੀ ਯਾਦ ਵਿਚ ਰਹਿੰਦੇ ਰਹਿੰਦੇ ਅਭਿਆਸ ਵਧਾਉਂਦੇ ਜਾਓ। ਯਾਦ ਦਾ ਰਿਕਾਰਡ ਰੱਖੋ।

ਗੀਤ:- ਨਾ ਵੋ ਹਮ ਸੇ ਜੁਦਾ ਹੋਂਗੇ, ਨਾ ਉਲਫ਼ਤ ਦਿਲ ਸੇ ਨਿਕਲੇਗੀ...

ਓਮ ਸ਼ਾਂਤੀ। ਬੱਚਿਆਂ ਨੇ ਗੀਤ ਸੁਣਿਆ। ਉਲਫ਼ਤ ਕਿਹਾ ਜਾਂਦਾ ਹੈ ਪਿਆਰ ਨੂੰ, ਹੁਣ ਤੁਹਾਡਾ ਬੱਚਿਆਂ ਦਾ ਪਿਆਰ ਬਣਿਆ ਹੋਇਆ ਹੈ, ਬੇਹੱਦ ਦੇ ਬਾਪ ਸ਼ਿਵ ਦੇ ਨਾਲ। ਤੁਸੀਂ ਬੀ. ਕੇ. ਉਨ੍ਹਾਂ ਨੂੰ ਦਾਦਾ ਕਹੋਗੇ। ਇਸ ਤਰ੍ਹਾਂ ਦਾ ਕੋਈ ਮਨੁੱਖ ਨਹੀਂ ਹੋਵੇਗਾ ਜੋ ਆਪਣੇ ਬਾਪਦਾਦਾ ਦੇ ਕੰਮ ਨੂੰ ਨਾ ਜਾਣਦਾ ਹੋਵੇ। ਇਸ ਤਰ੍ਹਾਂ ਦੀ ਕੋਈ ਸੰਸਥਾ ਨਹੀਂ ਜਿਥੇ ਢੇਰ ਦੇ ਢੇਰ ਕਹਿਣ ਅਸੀਂ ਬ੍ਰਹਮਾ ਕੁਮਾਰ-ਕੁਮਾਰੀਆ ਹਾਂ। ਮਾਤਾਵਾਂ ਤੇ ਕੁਮਾਰੀਆਂ ਨਹੀਂ ਹਨ। ਫਿਰ ਬ੍ਰਹਮਾਕੁਮਾਰੀਆਂ ਕਿਓਂ ਕਹਿਲਾਉਂਦੀਆਂ ਹਨ? ਇਹ ਤੇ ਹੈ ਬ੍ਰਹਮਾ ਮੁਖ ਵੰਸ਼ਵਾਲੀ। ਏਨੇ ਬ੍ਰਹਮਾ ਕੁਮਾਰ-ਕੁਮਾਰੀਆਂ ਹਨ, ਪ੍ਰਜਾਪਿਤਾ ਬ੍ਰਹਮਾ ਦੀ ਮੁਖ ਵੰਸ਼ਾਵਲੀ। ਇਕ ਬਾਪ ਦੀਆਂ ਬੱਚੀਆਂ ਹਨ। ਬ੍ਰਹਮਾ ਦੇ ਆਕੂਪੇਸ਼ਨ ਨੂੰ ਵੀ ਜਾਣਨਾ ਹੈ। ਬ੍ਰਹਮਾ ਕਿਸ ਦਾ ਬੱਚਾ ਹੈ? ਸ਼ਿਵ ਦਾ। ਸ਼ਿਵ ਦੇ ਤਿੰਨ ਬੱਚੇ ਬ੍ਰਹਮਾ, ਵਿਸ਼ਨੂੰ ਅਤੇ ਸ਼ੰਕਰ ਸੂਖਸ਼ਮ ਵਤਨ ਵਾਸੀ ਹਨ। ਹੁਣ ਪ੍ਰਜਾਪਿਤਾ ਬ੍ਰਹਮਾ ਤਾਂ ਸਥੂਲ ਵਤਨਵਾਸੀ ਹੋਣਾ ਚਾਹੀਦਾ ਹੈ। ਏਨੇ ਸਭ ਕਹਿੰਦੇ ਹਨ ਪ੍ਰਜਾਪਿਤਾ ਬ੍ਰਹਮਾ ਦੇ ਮੁਖ ਵੰਸ਼ਵਾਲੀ ਹਾਂ। ਕੁੱਖ ਵੰਸ਼ਵਾਲੀ ਤੇ ਹੋ ਨਹੀਂ ਸਕਦੇ। ਇਹ ਕੋਈ ਗਰਭ ਦੀ ਪੈਦਾਇਸ਼ ਨਹੀਂ ਹੈ। ਫਿਰ ਤੁਹਾਨੂੰ ਪੁੱਛਦੇ ਵੀ ਨਹੀਂ ਕਿ ਏਨੇ ਸਾਰੇ ਬ੍ਰਹਮਾਕੁਮਾਰ - ਕੁਮਾਰੀਆ ਕਿਵੇਂ ਕਹਿਲਾਉਂਦੇ ਹੋ? ਮਾਤਾਵਾਂ ਵੀ ਬ੍ਰਹਮਾਕੁਮਾਰੀਆਂ ਹਨ ਤਾਂ ਜਰੂਰ ਬ੍ਰਹਮਾ ਦੇ ਬੱਚੇ ਹੋਏ ਬ੍ਰਹਮਾ ਮੁਖ ਵੰਸ਼ਵਾਲੀ। ਇਹ ਸਾਰੇ ਹਨ ਈਸ਼ਵਰ ਦੀ ਸੰਤਾਨ। ਈਸ਼ਵਰ ਕੌਣ ਹੈ? ਉਹ ਹੈ ਪਰਮਪਿਤਾ ਪਰਮਾਤਮਾ, ਰਚਤਾ। ਕਿਸ ਚੀਜ਼ ਦੀ ਰਚਨਾ ਕਰਦੇ ਹਨ? ਸਵਰਗ ਦੀ। ਤਾਂ ਜਰੂਰ ਆਪਣੇ ਪੋਤਰੇ ਪੋਤਰੀਆਂ ਨੂੰ ਸਵਰਗ ਦਾ ਵਰਸਾ ਦਿੰਦੇ ਹੋਣਗੇ। ਉਨ੍ਹਾਂ ਨੂੰ ਰਾਜਯੋਗ ਸਿਖਾਉਣ ਲਈ ਸ਼ਰੀਰ ਚਾਹੀਦਾ ਹੈ। ਇਵੇਂ ਥੋੜ੍ਹੀ ਨਾ ਪਾਗ ਰੱਖ ਦੇਣਗੇ। ਸ਼ਿਵਬਾਬਾ ਬੈਠ ਬ੍ਰਹਮਾ ਮੁੱਖ ਵੰਸ਼ਾਵਲੀ ਨੂੰ ਫਿਰ ਤੋਂ ਰਾਜਯੋਗ ਸਿਖਾਉਂਦੇ ਹਨ ਕਿਉਂਕਿ ਫਿਰ ਤੋਂ ਸਵਰਗ ਦੀ ਸਥਾਪਨਾ ਕਰਦੇ ਹਨ। ਨਹੀਂ ਤਾਂ ਫਿਰ ਏਨੇ ਬ੍ਰਹਮਾ ਕੁਮਾਰ ਕੁਮਾਰੀਆ ਕਿਥੋਂ ਆਉਣ? ਵੰਡਰ ਹੈ, (ਅਨੋਖੀ ਗੱਲ ਹੈ) ਕੋਈ ਹਿੰਮਤ ਕਰਕੇ ਪੁੱਛਦੇ ਵੀ ਨਹੀਂ ਹਨ। ਕਿੰਨੇ ਸੈਂਟਰਜ਼ ਹਨ। ਪੁੱਛਣਾ ਚਾਹੀਦਾ ਹੈ ਤੁਸੀਂ ਕੌਣ ਹੋ? ਆਪਣਾ ਪਰਿਚੇ ਦੇਵੋ? ਇਹ ਤਾਂ ਸਾਫ ਹੈ ਪ੍ਰਜਾਪਿਤਾ ਬ੍ਰਹਮਾ ਦੇ ਕੁਮਾਰ - ਕੁਮਾਰੀਆਂ ਅਤੇ ਸ਼ਿਵ ਦੇ ਪੋਤਰੇ ਪੋਤਰੀਆਂ ਹਨ। ਅਸੀਂ ਉਨ੍ਹਾਂ ਦੇ ਬੱਚੇ ਬਣੇ ਹਾਂ। ਉਨ੍ਹਾਂ ਨਾਲ ਸਾਡਾ ਪਿਆਰ ਹੈ। ਸ਼ਿਵਬਾਬਾ ਵੀ ਕਹਿੰਦੇ ਹਨ ਸਭ ਤੋਂ ਪਿਆਰ ਅਤੇ ਬੁੱਧੀਯੋਗ ਹਟਾ ਕੇ ਮੇਰੇ ਇਕ ਨਾਲ ਰੱਖੋ। ਮੈਂ ਤੁਹਾਨੂੰ ਬ੍ਰਹਮਾ ਦਵਾਰਾ ਰਾਜਯੋਗ ਸਿਖਲਾ ਰਿਹਾ ਹਾਂ ਅਤੇ ਤੁਸੀਂ ਬ੍ਰਹਮਾਕੁਮਾਰ-ਕੁਮਾਰੀਆਂ ਸੁਣ ਰਹੇ ਹੋ ਨਾ। ਕਿੰਨੀ ਸੋਖੀ ਜਿਹੀ ਗੱਲ ਹੈ। ਪੁੱਛੋ ਤੇ ਸਹੀ। ਤਾਂ ਇਹ ਹੋ ਗਈ ਗਉਸ਼ਾਲਾ। ਸ਼ਾਸਤਰਾਂ ਵਿੱਚ ਬ੍ਰਹਮਾ ਦੀ ਗਊਸ਼ਾਲਾ ਵੀ ਗਾਈ ਹੋ ਹੈ। ਅਸਲ ਵਿੱਚ ਸ਼ਿਵਬਾਬਾ ਦੀ ਗਊਸ਼ਾਲਾ ਹੈ, ਸ਼ਿਵਬਾਬਾ ਇਸ ਨੰਦੀਗਣ ਵਿੱਚ ਆਉਂਦਾ ਹੈ ਤਾਂ ਗਊਸ਼ਾਲਾ ਅੱਖਰ ਦੇ ਕਾਰਣ ਫਿਰ ਸ਼ਾਸਤਰਾਂ ਵਿਚ ਗਊ ਆਦਿ ਵਿਖਾ ਦਿੱਤੀ ਹੈ। ਸ਼ਿਵ ਜਯੰਤੀ ਹੈ ਤਾਂ ਜਰੂਰ ਸ਼ਿਵ ਆਇਆ ਹੋਵੇਗਾ। ਜਰੂਰ ਕਿਸੇ ਦੇ ਤਨ ਵਿਚ ਆਇਆ ਹੋਵੇਗਾ। ਤੁਸੀਂ ਜਾਣਦੇ ਹੋ ਇਹ ਗੌਡ ਫਾਦਰ ਦਾ ਸਕੂਲ ਹੈ। ਸ਼ਿਵਭਗਵਾਨੁਵਾਚ । ਗਿਆਨ ਸਾਗਰ ਪਤਿਤ - ਪਾਵਨ ਉਹ ਹੈ। ਸ਼੍ਰੀਕ੍ਰਿਸ਼ਨ ਤਾਂ ਆਪ ਪਾਵਨ ਹੈ, ਉਨ੍ਹਾਂ ਨੂੰ ਕੀ ਪਈ ਹੈ ਜੋ ਪਤਿਤ ਸ਼ਰੀਰ ਵਿਚ ਆਉਣ। ਗਾਇਆ ਵੀ ਜਾਂਦਾ ਹੈ ਦੂਰ ਦੇਸ਼ ਦਾ ਰਹਿਣ ਵਾਲਾ ਆਇਆ ਦੇਸ਼ ਪਰਾਏ...। ਸ਼ਰੀਰ ਵੀ ਪਰਾਇਆ ਹੈ। ਤਾਂ ਜਰੂਰ ਸ਼ਿਵਬਾਬਾ ਨੇ ਇਨ੍ਹਾਂ ਨੂੰ ਰਚਿਆ ਹੋਵੇਗਾ। ਤਾਂ ਹੀ ਤੇ ਮਨੁੱਖ ਸ੍ਰਿਸ਼ਟੀ ਰਚੀ ਜਾਵੇ। ਤਾਂ ਸਿੱਧ ਹੋਇਆ ਕੀ ਇਹ ਬਾਪ ਦਾਦਾ ਹਨ। ਪ੍ਰਜਾਪਿਤਾ ਬ੍ਰਹਮਾ ਹੈ ਆਦਿ ਦੇਵ, ਮਹਾਂਵੀਰ, ਕਿਉਂਕਿ ਮਾਇਆ ਤੇ ਜਿੱਤ ਪ੍ਰਾਪਤ ਕਰਦੇ ਹਨ। ਜਗਦੰਬਾ ਵੀ ਗਾਈ ਹੋਈ ਹੈ। ਸ਼੍ਰੀਲਕਸ਼ਮੀ ਵੀ ਗਾਈ ਹੋਈ ਹੈ। ਦੁਨੀਆ ਨੂੰ ਪਤਾ ਹੀ ਨਹੀਂ ਕਿ ਜਗਦੰਬਾ ਬ੍ਰਹਮਾ ਦੀ ਬੇਟੀ ਸਰਸਵਤੀ ਹੈ। ਉਹ ਵੀ ਬ੍ਰਹਮਾਕੁਮਾਰੀ ਹੈ। ਇਹ ਵੀ ਬ੍ਰਹਮਾਕੁਮਾਰੀ ਹੈ। ਸ਼ਿਵਬਾਬਾ ਨੇ ਬ੍ਰਹਮਾ ਮੁੱਖ ਨਾਲ ਇਹਨਾਂ ਨੂੰ ਆਪਣਾ ਬਣਾਇਆ ਹੈ। ਹੁਣ ਇਨ੍ਹਾਂ ਸਾਰਿਆਂ ਦੀ ਬੁੱਧੀ ਦਾ ਯੋਗ ਉਨ੍ਹਾਂ ਦੇ ਨਾਲ ਹੈ। ਕਿਹਾ ਵੀ ਜਾਂਦਾ ਹੈ ਉਲਫ਼ਤ(ਯੋਗ) ਪਰਮਾਤਮਾ ਨਾਲ ਰੱਖੋ। ਹੋਰ ਸਭ ਨਾਲ ਤੋੜ ਇੱਕ ਨਾਲ ਜੋੜੋ। ਉਹ ਹੈ ਇਕ ਭਗਵਾਨ। ਪਰੰਤੂ ਜਾਣਦੇ ਨਹੀਂ। ਜਾਨਣ ਵੀ ਕਿਵੇਂ? ਜਦੋਂ ਬਾਪ ਆਕੇ ਆਪਣਾ ਪਰਿਚੇ ਦੇਵੇ ਤਾਂ ਨਿਸ਼ਚੇ ਹੋਵੇਗਾ। ਅੱਜ ਕਲ ਤਾਂ ਸਿਖਲਾ ਦਿੱਤਾ ਹੈ - ਆਤਮਾ ਸੋ ਪਰਮਾਤਮਾ... ਜਿਸ ਕਾਰਣ ਸੰਬੰਧ ਹੀ ਟੁੱਟ ਗਿਆ ਹੈ। ਹੁਣ ਤੁਸੀਂ ਬੱਚੇ ਅਸਲ ਵਿਚ ਸੱਚੀ - ਸੱਚੀ ਸਤ ਨਰਾਇਣ ਦੀ ਕਥਾ ਸੁਣਦੇ ਹੋ। ਉਹ ਹੈ ਸੁਖਦੇਵ ਅਤੇ ਤੁਸੀਂ ਹੋ ਵਿਆਸ। ਗੀਤਾ ਵਿਚ ਵੀ ਵਿਆਸ ਦਾ ਨਾਮ ਹੈ ਨਾ। ਉਹ ਤਾਂ ਮਨੁੱਖ ਹੈ। ਪਰੰਤੂ ਸੱਚੇ ਵਿਆਸ ਤੁਸੀਂ ਹੋ। ਤੁਸੀਂ ਜਿਹੜੀ ਗੀਤਾ ਬਣਾਉਂਦੇ ਹੋ ਉਹ ਵਿਨਾਸ਼ ਹੋ ਜਾਵੇਗੀ। ਝੂਠੀ ਅਤੇ ਸੱਚੀ ਗੀਤਾ ਹੁਣ ਹੀ ਹੈ। ਸੱਚਖੰਡ ਵਿਚ ਝੂਠ ਦਾ ਨਾਮ

ਨਹੀਂ ਰਹਿੰਦਾ। ਤੁਸੀਂ ਵਰਸਾ ਲੈ ਰਹੇ ਹੋ ਦਾਦੇ ਤੋਂ। ਇਸ ਬਾਬਾ ਦੀ ਜਾਇਦਾਦ ਨਹੀਂ ਹੈ। ਸਵਰਗ ਦਾ ਰਚਤਾ ਹੈ ਸ਼ਿਵਬਾਬਾ, ਨਾ ਕਿ ਬ੍ਰਹਮਾ। ਬ੍ਰਹਮਾ ਮਨੁੱਖ ਸ੍ਰਿਸ਼ਟੀ ਦਾ ਰਚਤਾ ਹੈ। ਬ੍ਰਹਮਾ ਮੁੱਖ ਕਮਲ ਤੋਂ ਬ੍ਰਾਹਮਣ ਵਰਨ ਰਚਿਆ ਗਿਆ ਹੈ। ਤੁਸੀਂ ਹੋ ਸ਼ਿਵ ਦੇ ਪੋਤਰੇ ਮਤਲਬ ਇਸ਼ਵਰੀਏ ਸੰਪਰਦਾਇ। ਉਨ੍ਹਾਂ ਨੂੰ ਆਪਣਾ ਬਣਾਇਆ ਹੈ। ਗੁਰੂ ਪੋਤਰੇ ਕਹਾਉਂਦੇ ਹਨ ਨਾ। ਹੁਣ ਤੁਸੀਂ ਹੋ ਸਤਿਗੁਰੂ ਦੇ ਪੋਤਰੇ ਤੇ ਪੋਤਰੀਆਂ। ਉਹ ਤਾਂ ਸਿਰਫ ਪੋਤਰੇ ਹਨ ਮਤਲਬ ਮੇਲਜ਼ ਹਨ। ਪੋਤਰੀਆਂ ਹੈ ਨਹੀਂ। ਸਤਿਗੁਰੂ ਤਾਂ ਸਿਰਫ ਇਕ ਸ਼ਿਵਬਾਬਾ ਹੈ। ਗਾਇਆ ਵੀ ਜਾਂਦਾ ਹੈ ਸਤਿਗੁਰੂ ਬਿਨਾ ਘੋਰ ਹਨੇਰਾ। ਤੁਹਾਡਾ ਬ੍ਰਹਮਾਕੁਮਾਰ-ਕੁਮਾਰੀ ਨਾਮ ਬੜਾ ਵੰਡਰਫੁਲ ਹੈ। ਬਾਪ ਕਿੰਨਾ ਸਮਝਾਉਂਦੇ ਹਨ ਪਰ ਬੱਚੇ ਫਿਰ ਵੀ ਨਹੀਂ ਸਮਝਦੇ ਹਨ। ਬਾਪ ਕਹਿੰਦੇ ਮੈਨੂੰ ਬੇਹੱਦ ਦੇ ਬਾਪ ਨੂੰ ਜਾਨਣ ਨਾਲ ਤੁਸੀਂ ਸਭ ਕੁਝ ਜਾਣ ਗਏ ਹੋ। ਸਤਿਯੁਗ - ਤ੍ਰੇਤਾ ਵਿਚ ਸੂਰਜਵੰਸ਼ੀ, ਚੰਦਰਵੰਸ਼ੀ ਰਾਜ ਸੀ। ਫਿਰ ਰਾਵਣ ਰਾਜ ਵਿਚ ਬ੍ਰਹਮਾ ਦੀ ਰਾਤ ਸ਼ੁਰੂ ਹੁੰਦੀ ਹੈ। ਪ੍ਰੈਕਟੀਕਲ ਵਿਚ ਬ੍ਰਹਮਾ ਕੁਮਾਰ-ਕੁਮਾਰੀਆਂ ਤੁਸੀਂ ਹੋ। ਸਤਿਯੁਗ ਨੂੰ ਹੀ ਸਵਰਗ ਕਿਹਾ ਜਾਂਦਾ ਹੈ। ਜਿੱਥੇ ਦੁੱਧ ਘਿਉ ਦੀਆਂ ਨਦੀਆਂ ਵਗਦੀਆਂ ਹਨ। ਇਥੇ ਤਾਂ ਘਿਉ ਮਿਲਦਾ ਨਹੀਂ ਹੈ। ਬਾਪ ਕਹਿੰਦੇ ਹਨ ਬੱਚੇ ਇਹ ਪੁਰਾਣੀ ਦੁਨੀਆ ਹੁਣ ਵਿਨਾਸ਼ ਹੋਣੀ ਹੈ। ਇਕ ਦਿਨ ਇਸ ਭੰਬੋਰ ਨੂੰ ਅੱਗ ਲੱਗੇਗੀ। ਸਭ ਖਤਮ ਹੋ ਜਾਵੇਗਾ ਤਾ ਫਿਰ ਮੇਰੇ ਕੋਲ ਵਰਸਾ ਨਹੀਂ ਲੈ ਸਕੋਗੇ।

ਮੈਂ ਆਵਾਂ ਤਾਂ ਜਰੂਰ ਸ਼ਰੀਰ ਦਾ ਲੋਨ ਲੈਣਾ ਪਵੇ। ਮਕਾਨ ਤੇ ਚਾਹੀਦਾ ਹੈ ਨਾ। ਬਾਬਾ ਕਿੰਨਾ ਵਧੀਆ, ਰਮਣੀਕ ਢੰਗ ਨਾਲ ਸਮਝਾਉਂਦੇ ਹਨ। ਤੁਸੀਂ ਹੁਣ ਮੇਰੇ ਦਵਾਰਾ ਸਭ ਕੁਝ ਜਾਣ ਗਏ ਹੋ। ਇਹ ਸ੍ਰਿਸ਼ਟੀ ਚੱਕਰ ਕਿਵੇਂ ਚਲਦਾ ਹੈ ਇਹ ਕਿਸੇ ਨੂੰ ਵੀ ਪਤਾ ਨਹੀਂ ਹੈ। 84 ਜਨਮ ਕੌਣ ਲੈਂਦੇ ਹਨ? ਸਾਰੇ ਤਾਂ ਨਹੀਂ ਲੈਣਗੇ। ਜਰੂਰ ਪਹਿਲਾ ਆਉਣ ਵਾਲੇ ਦੇਵੀ ਦੇਵਤਾ ਹੀ 84 ਜਨਮ ਲੈਂਦੇ ਹਨ। ਹੁਣ ਮੈਂ ਉਨ੍ਹਾਂ ਨੂੰ ਫਿਰ ਤੋਂ ਰਾਜਯੋਗ ਸਿਖਾਉਂਦਾ ਹਾਂ। ਭਾਰਤ ਨੂੰ ਫਿਰ ਤੋਂ ਨਰਕ ਤੋਂ ਸਵਰਗ ਬਣਾਉਣ ਲਈ ਮੈਂ ਆਉਂਦਾ ਹੈ। ਇਨ੍ਹਾਂ ਨੂੰ ਲਿਬਰੇਟ ਮੈਂ ਕਰਦਾ ਹਾਂ। ਫਿਰ ਗਾਈਡ ਬਣ ਵਾਪਿਸ ਵੀ ਲੈ ਜਾਂਦਾ ਹਾਂ। ਮੈਨੂੰ ਜੋਤ ਸਵਰੂਪ ਵੀ ਕਹਿੰਦੇ ਹਨ। ਜੋਤ ਸਵਰੂਪ ਨੂੰ ਵੀ ਆਉਣਾ ਪੈਂਦਾ ਹੈ। ਖੁਦ ਕਹਿੰਦੇ ਹਨ ਬੱਚੇ ਮੈਂ ਤੁਹਾਡਾ ਬਾਪ ਹਾਂ। ਮੇਰੀ ਜੋਤ ਕਦੇ ਬੁਝਦੀ ਨਹੀਂ ਹੈ। ਉਹ ਸਟਾਰ ਹਨ ਜੋ ਭ੍ਰਿਕੁਟੀ ਵਿਚ ਰਹਿੰਦੇ ਹਨ। ਬਾਕੀ ਸਭ ਆਤਮਾਵਾਂ ਇਕ ਸ਼ਰੀਰ ਛੱਡ ਦੂਜਾ ਲੈਂਦੀਆਂ ਹਨ। ਤਾਂ ਆਤਮਾ ਰੂਪੀ ਸਟਾਰ ਵਿਚ 84 ਜਨਮ ਦਾ ਪਾਰਟ ਨੂੰਧਿਆ ਹੋਇਆ ਹੈ। 84 ਜਨਮ ਭੋਗ ਕੇ ਫਿਰ ਤੋਂ ਇਕ ਪਹਿਲੇ ਨੰਬਰ ਤੋਂ ਸ਼ੁਰੂ ਕਰਾਂਗੇ। ਜਿਵੇਂ ਦਾ ਰਾਜਾ ਓਵੇਂ ਦੀ ਪਰਜਾ। ਨਹੀਂ ਤਾਂ ਭਲਾ ਦੱਸੋ ਆਤਮਾ ਵਿਚ ਇਨ੍ਹਾਂ ਪਾਰਟ ਕਿਥੋਂ ਭਰਿਆ ਹੋਇਆ ਹੈ। ਇਸ ਨੂੰ ਕਿਹਾ ਜਾਂਦਾ ਹੈ ਬਹੁਤ ਗੁਪਤ ਵੰਡਰਫੁਲ ਗੱਲ ਹੈ। ਸਾਰੀ ਮਨੁੱਖ ਸ੍ਰਿਸ਼ਟੀ ਦੀ ਆਤਮਾਵਾਂ ਦਾ ਪਾਰਟ ਨੂੰਧਿਆ ਹੋਇਆ ਹੈ। ਕਹਿੰਦੇ ਹਨ ਮੇਰੇ ਵਿਚ ਇਹ ਪਾਰਟ ਹੈ, ਉਹ ਵੀ ਅਵਿਨਾਸ਼ੀ ਹੈ। ਉਸ ਵਿਚ ਕੋਈ ਤਬਦੀਲੀ (ਅਦਲੀ ਬਦਲੀ) ਨਹੀਂ ਹੋ ਸਕਦੀ। ਮੇਰੇ ਪਾਰਟ ਨੂੰ ਬ੍ਰਹਮਾ ਕੁਮਾਰ-ਕੁਮਾਰੀਆਂ ਜਾਣਦੇ ਹਨ। ਪਾਰਟ ਨੂੰ ਬਾਯੋਗ੍ਰਾਫੀ ਕਿਹਾ ਜਾਂਦਾ ਹੈ। ਪ੍ਰਜਾਪਿਤਾ ਬ੍ਰਹਮਾ ਹੈ ਤੇ ਜਰੂਰ ਜਗਦੰਬਾ ਵੀ ਹੋਵੇਗੀ। ਉਹ ਵੀ ਸ਼ੂਦਰ ਤੋਂ ਬ੍ਰਾਹਮਣ ਬਣੀ ਹੈ। ਤਾਂ ਤੁਸੀਂ ਬੱਚੇ ਜਾਣਦੇ ਹੋ ਸਾਡੀ ਉਲਫ਼ਤ ਬਾਪ ਦੇ ਨਾਲ ਹੋਈ ਹੈ ਅਤੇ ਸਾਡਾ ਇਕ ਨਾਲ ਪਿਆਰ ਹੈ। ਅਵਿਭਚਾਰੀ ਪਿਆਰ ਹੋਣ ਵਿਚ ਦੇਰ ਨਹੀਂ ਲਗਦੀ ਹੈ। ਮਾਇਆ ਬਿੱਲੀ ਵੀ ਘਟ ਨਹੀਂ ਹੈ। ਕਈ ਔਰਤਾਂ ਹੁੰਦੀਆਂ ਹਨ ਜੋ ਉਨ੍ਹਾਂ ਦੀ ਆਪਸ ਵਿਚ ਈਰਖਾ ਹੋ ਜਾਂਦੀ ਹੈ। ਅਸੀਂ ਵੀ ਬਾਬਾ ਨਾਲ ਪਿਆਰ ਰੱਖਦੇ ਹਾਂ ਤੇ ਮਾਇਆ ਨੂੰ ਈਰਖਾ ਹੋ ਜਾਂਦੀ ਹੈ। ਇਸ ਲਈ ਤੂਫ਼ਾਨ ਵਿਚ ਲੈ ਆਉਂਦੀ ਹੈ। ਤੁਸੀਂ ਚਾਹੁੰਦੇ ਹੋ ਪਊਬਾਰਾਂ(ਚੋਪੜ ਦੀ ਖੇਡ) ਪਰ ਮਾਇਆ ਬਿਲੀ ਤਿੰਨ ਦਾਣੇ ਪਾ ਦਿੰਦੀ ਹੈ। ਤੁਸੀਂ ਗ੍ਰਹਿਸਤ ਵਿਵਹਾਰ ਵਿਚ ਰਹਿੰਦੇ ਹੋ ਸਿਰਫ ਤੁਸੀਂ ਆਪਣਾ ਬੁੱਧੀਯੋਗ ਦੇਹ ਸਹਿਤ ਦੇਹ ਦੇ ਸਾਰੇ ਸੰਬੰਧਾਂ ਤੋਂ ਹਟਾ ਕੇ ਮੈਨੂੰ ਯਾਦ ਕਰੋ। ਮੈਂ ਤੁਹਾਡਾ ਮੋਸਟ ਬਿਲਵਰਡ(ਪਿਆਰਾ) ਬਾਪ ਹਾਂ। ਮੈਂ ਤੁਹਾਨੂੰ ਸਵਰਗ ਦਾ ਮਾਲਿਕ ਬਣਾਵਾਂਗਾ। ਜੇਕਰ ਤੁਸੀਂ ਮੇਰੀ ਸ਼੍ਰੀਮਤ ਤੇ ਚੱਲੋਗੇ ਤਾਂ। ਬ੍ਰਹਮਾ ਦੀ ਸਲਾਹ ਵੀ ਮਸ਼ਹੂਰ ਹੈ। ਤਾਂ ਜਰੂਰ ਬ੍ਰਹਮਾ ਦੇ ਬੱਚਿਆਂ ਦੀ ਰਾਏ ਵੀ ਮਸ਼ਹੂਰ ਹੋਵੇਗੀ। ਉਹ ਵੀ ਇਸ ਤਰ੍ਹਾਂ ਦੀ ਸਲਾਹ ਦਿੰਦੇ ਹੋਣਗੇ। ਇਸ ਸਾਰੇ ਸ੍ਰਿਸ਼ਟੀ ਚਕ੍ਰ ਦੀ ਖਬਰ ਤਾਂ ਬਾਪ ਹੀ ਦਸਦੇ ਹਨ। ਚਾਹੇ ਬੱਚਿਆਂ ਨੂੰ ਸੰਭਾਲੋ ਪਰ ਬੁੱਧੀਯੋਗ ਬਾਪ ਨਾਲ ਹੋਵੇ। ਸਮਝੋ ਇਹ ਕਬ੍ਰੀਸਤਾਨ ਹੈ, ਅਸੀਂ ਪਰਿਸਤਾਨ ਵਿਚ ਜਾਂਦੇ ਹਾਂ। ਕਿੰਨੀ ਸੋਖੀ ਗੱਲ ਹੈ।

ਬਾਪ ਸਮਝਾਉਂਦੇ ਹਨ ਕਿ ਕਿਸੇ ਵੀ ਸਾਕਾਰੀ ਤੇ ਆਕਾਰੀ ਦੇਵਤਾ ਨਾਲ ਬੁੱਧੀਯੋਗ ਨਾ ਲਗਾਵੋ। ਬਾਪ ਦਲਾਲ ਬਣ ਕੇ ਕਹਿੰਦੇ ਹਨ। ਗਾਉਂਦੇ ਵੀ ਹਨ ਆਤਮਾਵਾਂ ਪਰਮਾਤਮਾ ਅਲਗ ਰਹੇ ਬਹੁਕਾਲ। ਹੁਣ ਬਹੁਕਾਲ ਤੋਂ ਵੱਖ ਤਾਂ ਦੇਵੀ ਦੇਵਤਾ ਹਨ। ਉਹ ਹੀ ਪਹਿਲਾਂ - ਪਹਿਲਾਂ ਪਾਰਟ ਵਜਾਉਣ ਆਉਂਦੇ ਹਨ। ਸੁੰਦਰ ਮੇਲਾ ਕਰ ਦਿੱਤਾ ਜਦੋ ਸਤਿਗੁਰੂ ਮਿਲਿਆ ਦਲਾਲ। ਦਲਾਲ ਦੇ ਰੂਪ ਵਿਚ ਕਹਿੰਦੇ ਹਨ ਮਾਮੇਕਮ ਯਾਦ ਕਰੋ। ਅਤੇ ਪ੍ਰਣ ਕਰੋ ਅਸੀਂ ਕਾਮ ਚਿਤਾ ਤੋਂ ਉਤਰ ਗਿਆਨ ਚਿਤਾ ਤੇ ਬੈਠਾਂਗੇ। ਫਿਰ ਤੁਸੀਂ ਰਾਜ ਭਾਗ ਲੈ ਲਵੋਗੇ। ਆਪਣੇ ਕੋਲ ਰਿਕਾਰਡ ਰੱਖੋ ਕਿ ਅਸੀਂ ਕਿੰਨਾ ਸਮਾਂ ਮੋਸਟ ਬਿਲਵਰਡ ਬਾਪ ਨੂੰ ਯਾਦ ਕਰਦੇ ਹਾਂ। ਕੁੜੀਆਂ ਦਿਨ ਰਾਤ ਪਤੀ ਨੂੰ ਯਾਦ ਕਰਦੀਆਂ ਹਨ ਨਾ। ਬਾਬਾ ਕਹਿੰਦੇ ਹਨ ਹਨ - ਹੇ ਨੀਂਦ ਨੂੰ ਜਿੱਤਣ ਵਾਲੇ ਬੱਚੇ, ਹੁਣ ਪੁਰਸ਼ਾਰਥ ਕਰੋ। ਇਕ ਘੜੀ, ਅੱਧੀ ਘੜੀ... ਤੋਂ ਸ਼ੁਰੂ ਕਰੋ ਫਿਰ ਹੌਲੀ - ਹੌਲੀ ਵਧਾਉਂਦੇ ਜਾਓ। ਮੇਰੇ ਨਾਲ ਯੋਗ ਲਗਾਵੋਗੇ ਤਾਂ ਪਾਸ ਵਿਦ ਆਨਰ ਹੋ ਜਾਵੋਗੇ। ਇਹ ਰੇਸ ਹੈ ਬੁੱਧੀ ਦੀ, ਸਮਾਂ ਲਗਦਾ ਹੈ, ਬੁੱਧੀਯੋਗ ਨਾਲ ਪਾਪ ਕੱਟੇ ਜਾਣਗੇ। ਫਿਰ ਤੁਸੀਂ ਅਚਲ, ਅਖੰਡ, ਸੁਖ - ਸ਼ਾਂਤੀਮਯ 21 ਜਨਮ ਰਾਜ ਕਰੋਗੇ। ਕਲਪ ਪਹਿਲਾਂ ਵੀ ਕੀਤਾ ਸੀ। ਹੁਣ ਫਿਰ ਰਾਜ - ਭਾਗ ਲਵੋ। ਕਲਪ-ਕਲਪ ਅਸੀਂ ਹੀ ਸਵਰਗ ਬਣਾਉਂਦੇ ਹਾਂ। ਤੇ ਰਾਜ ਕਰਦੇ ਹਾਂ। ਫਿਰ ਸਾਨੂੰ ਹੀ ਮਾਇਆ ਨਰਕਵਾਸੀ ਬਣਾਉਂਦੀ ਹੈ। ਹਾਲੇ ਅਸੀਂ ਹਾਂ ਰਾਮ ਸੰਪਰਦਾਏ। ਸਾਡਾ ਉਨ੍ਹਾਂ ਨਾਲ ਪਿਆਰ ਹੈ। ਬਾਪ ਨੇ ਸਾਨੂੰ ਆਪਣੀ ਪਹਿਚਾਣ ਦਿਤੀ ਹੈ। ਬਾਪ ਹੈ ਸਵਰਗ ਦਾ ਰਚੇਤਾ। ਅਸੀਂ ਉਨ੍ਹਾਂ ਦੇ ਬੱਚੇ ਹਾਂ ਤੇ ਨਰਕ ਵਿਚ ਕਿਉਂ ਪਏ ਹਾਂ? ਜਰੂਰ ਸਵਰਗ ਵਿਚ ਕਦੇ ਸੀ। ਬਾਪ ਨੇ ਤਾਂ ਸਵਰਗ ਰਚਿਆ ਹੈ। ਬ੍ਰਹਮਾਕੁਮਾਰ ਕੁਮਾਰੀਆ ਹਨ ਸਭ ਨੂੰ ਪ੍ਰਾਣ ਦਾਨ ਦੇਣ ਵਾਲੇ। ਉਨ੍ਹਾਂ ਦੇ ਪ੍ਰਾਣਾਂ ਨੂੰ ਕਦੇ ਵੀ

ਕਾਲ ਆਕੇ ਬੇਕਾਇਦੇ ਅਕਾਲੇ ਨਹੀਂ ਲੈਕੇ ਜਾਣਗੇ। ਓਥੇ ਅਕਾਲੇ ਮ੍ਰਿਤੂ ਹੋਣਾ ਅਸੰਭਵ ਹੈ। ਓਥੇ ਰੋਣਾ ਵੀ ਨਹੀਂ ਹੁੰਦਾ ਹੈ। ਤੁਸੀਂ ਸਾਕਸ਼ਾਤਕਾਰ ਵਿਚ ਵੀ ਦੇਖਿਆ ਹੈ ਸ਼੍ਰੀਕ੍ਰਿਸ਼ਨ ਕਿਵੇਂ ਜਨਮ ਲੈਂਦੇ ਹਨ। ਇਕਦਮ ਬਿਜਲੀ ਚਮਕ ਜਾਂਦੀ ਹੈ। ਸਤਿਯੁਗ ਦਾ ਪਹਿਲਾ ਪ੍ਰਿੰਸ ਹੈ ਨਾ। ਇਕਦਮ ਨੰਬਰਵਨ ਸਤੋਪ੍ਰਧਾਨ। ਫਿਰ ਸਤੋ, ਰਜੋ, ਤਮੋ ਵਿਚ ਆਉਂਦੇ ਹਨ। ਜਦੋ ਤਮੋ ਜੜ ਜੜੀਭੂਤ ਸ਼ਰੀਰ ਹੁੰਦਾ ਹੈ ਤਾਂ ਫਿਰ ਇਕ ਸ਼ਰੀਰ ਛੱਡ ਦੂਜਾ ਲੈ ਲੈਂਦੇ ਹਨ। ਇਹ ਪ੍ਰੈਕਟਿਸ ਇਥੇ ਹੀ ਕੀਤੀ ਜਾਂਦੀ ਹੈ। ਬਾਬਾ, ਹੁਣ ਅਸੀਂ ਤੁਹਾਡੇ ਕੋਲ ਆਉਂਦੇ ਹਾਂ, ਫਿਰ ਸਵਰਗ ਵਿਚ ਜਾ ਕੇ ਨਵਾਂ ਸ਼ਰੀਰ ਲਵਾਂਗੇ। ਹੁਣ ਤਾਂ ਵਾਪਿਸ ਬਾਬਾ ਦੇ ਕੋਲ ਜਾਣਾ ਹੈ ਨਾ। ਅੱਛਾ।

ਮਿੱਠੇ - ਮਿੱਠੇ ਸਿਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁਖ ਸਾਰ:-

**1** ਅਕਾਲੇ ਮੌਤ ਤੋਂ ਬਚਨ ਲਈ ਸਾਰਿਆਂ ਨੂੰ ਪ੍ਰਾਣ ਦਾਨ ਦੇਣ ਦੀ ਸੇਵਾ ਕਰਨੀ ਹੈ। ਰਾਵਣ ਸੰਪਰਦਾਏ ਤੋਂ ਰਾਮ ਸੰਪਰਦਾਏ ਬਣਾਉਣਾ ਹੈ।

**2** ਦਿਲ ਦਾ ਯੋਗ ਇਕ ਬਾਪ ਨਾਲ ਰੱਖਣਾ ਹੈ। ਬੁੱਧੀਯੋਗ ਭਟਕਾਉਣਾ ਨਹੀਂ ਹੈ। ਨੀਂਦ ਨੂੰ ਜਿੱਤ ਯਾਦ ਨੂੰ ਵਧਾਉਂਦੇ ਜਾਣਾ ਹੈ।

ਵਰਦਾਨ:- ਸ਼੍ਰੀਮਤ ਪ੍ਰਮਾਣ ਜੀ ਹਜ਼ੂਰ ਕਰ, ਹਜ਼ੂਰ ਨੂੰ ਹਾਜ਼ਿਰ ਕਰਨ ਵਾਲੇ ਸਰਵ ਪ੍ਰਾਪਤੀ ਸੰਪੰਨ ਭਵ।

ਜੋ ਹਰ ਗੱਲ ਵਿਚ ਬਾਪ ਦੀ ਸ਼੍ਰੀਮਤ ਪ੍ਰਮਾਣ "ਜੀ ਹਜ਼ੂਰ - ਜੀ ਹਜ਼ੂਰ" ਕਰਦੇ ਹਨ, ਤਾਂ ਬੱਚਿਆਂ ਦਾ ਜੀ ਹਜ਼ੂਰ ਕਰਨਾ ਅਤੇ ਬਾਪ ਦਾ ਬੱਚਿਆਂ ਦੇ ਅੱਗੇ ਹਾਜ਼ਿਰ ਹਜ਼ੂਰ ਹੋਣਾ। ਜਦ ਹਜ਼ੂਰ ਹਾਜ਼ਿਰ ਹੋ ਗਿਆ ਤਾਂ ਕਿਸੇ ਵੀ ਗੱਲ ਦੀ ਘਾਟ ਨਹੀਂ ਰਹੇਗੀ, ਸਦਾ ਸੰਪੰਨ ਹੋ ਜਾਵੋਗੇ। ਦਾਤਾ ਅਤੇ ਭਾਗ - ਵਿਧਾਤਾ – ਦੋਵਾਂ ਦੀ ਪ੍ਰਾਪਤੀਆਂ ਦੇ ਭਾਗ ਦਾ ਸਿਤਾਰਾ ਮਸਤੱਕ ਤੇ ਚਮਕਣ ਲੱਗੇਗਾ।

ਸਲੋਗਨ:- ਪਰਮਾਤਮ ਵਰਸੇ ਦੇ ਅਧਿਕਾਰੀ ਬਣਕੇ ਰਹੋ ਤਾਂ ਅਧੀਨਤਾ ਆ ਨਹੀਂ ਸਕਦੀ।

******